ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




9 March 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਜੈਸ਼ਿੰਦਾ ਐਰਡਨ ਸੰਸਾਰ ਦੀ ਸਭ ਛੋਟੀ ਮਹਿਲਾ ਪ੍ਰਧਾਨ ਮੰਤਰੀ ਪੂਰੇ ਸੰਸਾਰ ਲਈ ਪ੍ਰੇਰਨਾ ਸਰੋਤ

## ਪੂਰੀ ਦੁਨੀਆ ਇੱਕ ਉਦਾਹਰਨ ਜੈਸ਼ਿੰਦਾ ਐਰਡਨ ਤੇ ਉਸਦਾ ਪਤੀ



38 ਸਾਲਾ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਪਿਛਲੇ ਇਕ ਸਾਲ ਵਿਚ ਮਹਿਲਾ ਸ਼ਕਤੀਕਰਨ ਦੀ ਸਭ ਤੋਂ ਸ਼ਕਤੀਸ਼ਾਲੀ ਤਸਵੀਰ ਬਣ ਗਈ ਹੈ. ਉਹ ਦੁਨੀਆ ਦੀ ਸਭ ਤੋਂ ਛੋਟੀ ਮਹਿਲਾ ਪ੍ਰਧਾਨ ਮੰਤਰੀ ਹੈ ਉਹ ਮਾਂ ਅਤੇ ਕੈਰੀਅਰ ਵਿਚ ਸਮਾਨਤਾ ਦਾ ਸੰਦੇਸ਼ ਦੇਣ ਵਾਲੀ ਵੀ ਇਕਲੌਤੀ ਪ੍ਰਧਾਨ ਮੰਤਰੀ ਵੀ ਹੈ। ਕਲਾਰਕ ਗੇਫੋਰ ਉਸਦੇ ਜੀਵਨ ਸਾਥੀ ਹਨ ਅਤੇ ਉਹ ਦਸਤਾਵੇਜ਼ੀ ਫਿਲਮਾਂ ਵਿੱਚ ਹੋਸਟਿੰਗ ਕਰਦੇ ਹਨ। ਕੌਮਾਂਤਰੀ ਮਹਿਲਾ ਦਿਵਸ 'ਤੇ ਉਨ੍ਹਾਂ ਆਪਣੀ ਵਾਈਫਜੈਸਿੰਡਾ ਆਰਡਨ ਦੀ ਕਹਾਣੀ ਸਾਂਝੀ ਕੀਤੀ ਹੈ।

ਕਲਾਰਕ Gefor ਨੇ ਕਿਹਾ, "ਹੈ New Zealand ਦੀ ਪ੍ਰਧਾਨ ਮੰਤਰੀ ਯਾਨੀ ਕਿ ਮੇਰੀ ਸਾਥਣ Jasinda ਅਤੇ ਮੇਰੇ ਬਾਰੇ ਪੜ੍ਹਕੇ ਤੁਹਾਨੂੰ ਲੱਗੇਗਾ ਕਿ ਮਹਿਲਾ ਬਰਾਬਰੀ 'ਤੇ ਦੁਨੀਆਂ ਉਲਟ ਚਲ ਰਹੀ ਹੈ।ਸਾਡੀ ਕਹਾਣੀ ਵਿਚ, ਜੈਸਿੰਡਾ ਮਾਂ ਅਤੇ ਦੇਸ਼ ਨਾਲ ਸਬੰਧਿਤ ਆਪਣੀ ਜ਼ਿੰਮੇਵਾਰੀ ਵਿਚ ਸੰਤੁਲਨ ਬਣਾਉਂਦੀ ਵਿਖਾਈ ਦਵੇਗੀ। ਜਣੇਪਾ ਛੁੱਟੀ ਦੇ ਬਾਅਦ ਅਸੀਂ 9 ਮਹੀਨੇ ਦੀ ਇਕ ਬੇਟੀ ਨੂੰ ਇੱਕ ਟੀਮ ਦੇ ਰੂਪ ਵਿੱਚ ਰੱਖ ਰਹੇ ਹਾਂ। ਮੈਂ ਮਾਂ-ਧੀ ਦੇ ਵਿਚਕਾਰ ਪੁਲ ਦੀ ਭੂਮਿਕਾ ਵਿਚ ਹਾਂ ਤਾਂ ਕਿ ਬੇਟੀ ਨੂੰ ਮਾਤਾ ਦਾ ਸਾਥ ਮਿਲੇ ਅਤੇ ਨਿਊਜ਼ੀਲੈਂਡ ਨੂੰ ਪ੍ਰਧਾਨ ਮੰਤਰੀ ਦਾ। ਨਿਊਜ਼ੀਲੈਂਡ ਨੂੰ ਪ੍ਰਧਾਨ ਮੰਤਰੀ ਵਾਕਿ ਹੀ ਪੂਰੀ ਦੁਨੀਆਂ ਦੀਆਂ ਔਰਤਾਂ ਲਈ ਇੱਕ ਪ੍ਰੇਰਨਾ ਸ੍ਰੋਤ ਹੈ ਜਿਸ ਨੇ ਆਪਣੀ ਵਿਆਹੁਤਾ ਜ਼ਿੰਦਗੀ ਅਤੇ ਆਪਣੇ ਅਤਿਅੰਤ ਜ਼ਿੰਮੇਵਾਰੀ ਵਾਲੇ ਆਹੁਦੇ ਦੇ ਫਰਜ਼ਾਂ ਨੂੰ ਨਿਭਾਉਂਦਿਆਂ ਪੂਰੀ ਦੁਨੀਆਂ ਸਾਹਮਣੇ ਇੱਕ ਸਾਰਥਕ ਤਸਵੀਰ ਪੇਸ਼ ਕੀਤੀ ਹੈ। ਨਾ ਤਾਂ ਕਦੇ ਉਸਦੀ ਵਿਆਹੁਤਾ ਜ਼ਿੰਦਗੀ ਉਸਦੇ ਅਹੁਦੇ ਲਈ ਰੁਕਾਵਟ ਬਣੀ ਅਤੇ ਨਾਂ ਹੀ ਉਸਦਾ ਆਹੁਦਾ ਉਸੇ ਦੀ ਮੈਰਿਜ ਲਾਈਫ ਵਿੱਚ ਕਿਸੇ ਮੁਸ਼ਕਿਲ ਦਾ ਸਬੱਬ ਬਣਿਆ।

ਉਸ ਦੇ ਪਤੀ ਕਲਾਰਕ ਨੇ ਇੱਕ ਕਹਾਣੀ ਸਾਂਝੀ ਕਰਦਿਆ ਇੱਕ ਅਖਬਾਰ ਵਿੱਚ ਲਿਖਿਆ ਸੀ ਕਿ "ਪਿਛਲੇ ਸਾਲ ਸਤੰਬਰ ਵਿਚ ਜਦੋਂ ਸਾਡੀ ਬੇਟੀ ਸਿਰਫ ਤਿੰਨ ਮਹੀਨੇ ਦੀ ਸੀ, Jasindaਪ੍ਰਧਾਨ ਮੰਤਰੀ ਨੇ ਸੰਯੁਕਤ ਰਾਸ਼ਟਰ 'ਤੇ ਇੱਕ ਭਾਸ਼ਣ ਦੇਣਾ ਸੀ। ਵਲਿੰਗਟਨ ਤੋਂ ਨਿਊਯਾਰਕ ਦੀ ਫਲਾਈਟ 17 ਘੰਟੇ ਦੀ ਸੀ। ਦੌਰਾ 6 ਦਿਨਦਾ ਸੀ। 40 ਮੀਟਿੰਗਾਂ ਸਨ ਅਤੇ ਆਉਣ ਜਾਣ ਦਾ ਸਫਰ ਦੇ 37 ਘੰਟੇ ਦੀ ਫਲਾਈਟ ਸੀ। ਤਿੰਨ ਮਹੀਨੇ ਦੀ ਬੱਚੀ ਦੇ ਨਾਲ ਇਹ ਸਭ ਮੁਸ਼ਕਿਲ ਸੀ। ਪਰ ਪ੍ਰਧਾਨ ਮੰਤਰੀ ਹੋਣ ਦੇ ਨਾਤੇJasinda ਦਾ ਨਿਊਯਾਰਕ ਜਾਣਾ ਜ਼ਰੂਰੀ ਸੀ। ਨਹੀਂ ਤਾਂ ਔਰਤ ਹੋਣ ਕਰਕੇ ਦੇਸ਼ ਨਾ ਸੰਭਾਲਣ ਦਾ ਦੋਸ਼ ਵੀ ਲੱਗਣਾ ਸੀ। ਤਿੰਨੇ ਮਹੀਨੇ ਦੀ ਬੇਟੀ ਨੂੰ ਨਾਲ ਲੈ ਕੇ ਜਾਣਾ ਵੀ ਔਖਾ ਸੀ।ਅਸੀਂ ਚਾਹੁੰਦੇ ਸਾਂ ਕਿ ਸਾਡੀ ਫਾਲਈਟ ਦਾ ਵਕਤ ਸਾਡੀ ਬੇਟੀ ਦੇ ਸੋਣ ਦੇ ਵਕਤ ਸਾਈਕਲ ਦੇ ਹਿਸਾਬ ਨਾਲ ਹੋਵੇ। ਸਾਨੂੰ ਅਜਿਹੀ ਫਲਾਈਟ ਮਿਲ ਵੀ ਗਈ। ਫਾਲਈਟ 'ਚ Jasinda ਬੇਟੀ ਨੂੰ ਚੁੱਪ ਕਰਵਾਉਣ ਦੇ ਨਾਲ-ਨਾਲ ਭਾਸ਼ਣ ਦੀ ਤਿਆਰੀ ਵੀ ਕਰ ਰਹੀ ਸੀ। ਮੈ ਜਾਗਦਾ ਰਿਹਾ ਅਤੇ ਮਾਂ-ਧੀ ਸੁਲਾ ਦਿੱਤਾ, ਕਿਉਂਕਿ ਅਗਲੇ ਦਿਨ Jasinda ਨੇ ਪ੍ਰਧਾਨ ਮੰਤਰੀ ਦਾ ਫਰਜ ਵੀ ਨਿਭਾਉਣਾ ਸੀ। ਉਸਨੇ ਯੂ ਐੱਨ ਮਹਾਸਭਾ ਵਿੱਚ ਭਾਸਣ ਦੇਣਾ ਸੀ।ਮੇਰੀ ਦਿਲੀ ਤਮੰਨਾ ਸੀ ਕਿ ਸਾਡੀ ਬੇਟੀ ਮਾਂ ਨੂੰ ਭਾਸ਼ਣ ਦਿੰਦੇ ਹੋਏ ਜ਼ਰੂਰ ਵੇਖੇ। ਅਗਲੇ ਦਿਨ ਮਾਂ ਦਾ ਭਾਸ਼ਣ ਸ਼ੁਰੂ ਹੁੰਦੇ ਹੀ ਬੇਟੀ ਨੇ ਟੋਆਇਲਟ ਕਰ ਦਿੱਤਾ ਮੈ ਬੇਟੀ ਨੂੰ ਲੈ ਕੇ ਥਾਂ ਬਾਲਣ ਲੱਗ ਪਿਆ ਤਾਂ ਕਿ ਉਸਦਾ ਡਾਇਪਰ ਬਦਲਿਆ ਜਾ ਸਕੇ।ਅਸੀਂ ਦੋਵੇਂ ਮੀਟਿੰਗ ਰੂਮ ਵਿੱਚ ਹੀ ਆਪਣੀ ਬੇਟੀ ਦਾ ਡਾਇਪਰ ਬਦਲ ਰਹੇ ਸਾਂ, ਇੰਨੇ ਵਿੱਚ ਉੱਥੇ ਜਪਾਨ ਦਾ ਡੈਲੀਗੇਸਨ ਆ ਗਿਆ ਸਾਨੂੰ ਡਾਇਪਰ ਬਦਲਦੇ ਦੇਖ ਕੇ ਉਹ ਹੈਰਾਨ ਰਹਿ ਗਿਆ।ਕਾਸ਼ !ਮੈ ਉਸਦੀ ਹੈਰਾਨਗੀ ਵਾਲੀ ਤਸਵੀਰ ਲੈ ਸਕਦਾ।

ਦੋਸਤੋ ਦੁਨੀਆਂ 'ਚ ਯੂ ਐੱਨ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਦੀ ਪ੍ਰਧਾਨ ਮੰਤਰੀ ਤਿੰਨੇ ਮਹੀਨ ਦੀ ਬੱਚੀ ਨੂੰ ਲੈ ਕੇ ਆਪਣੇ ਦੇਸ਼ ਦੀ ਪ੍ਰਤੀਨਿਧਤਾ ਕਰਨ ਮੀਟਿੰਗ 'ਚ ਬੈਠੀ ਸੀ। ਇਸ ਤਸਵੀਰ ਨੂੰ ਦੁਨੀਆਂ ਨੇ ਮਹਿਲਾ ਸ਼ਕਤੀਕਰਨ ਦੀ ਸਭ ਵੱਡੀ ਤਸਵੀਰ ਦੇ ਰੂਪ ਵਿੱਚ ਵੇਖਿਆ ਸੀ। Jasinda ਚਾਹੁੰਦੀ ਹੈ ਕਿ ਉਹ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਵੇ ਜੋ ਪੁਰਸ਼ ਪ੍ਰਧਾਨ ਮੰਤਰੀ ਨਿਭਾਉਂਦੇ ਹਨ। ਅਤੇ ਨਾਲ ਹੀ ਉਨ੍ਹਾਂ ਔਰਤਾਂ ਦਾ ਵੀ ਭਰਮ ਟੁੱਟੇ ਜਿਹੜੀਆਂ ਇਹ ਸੋਚਦੀਆਂ ਹਨ ਕਿ ਮਾਂ ਬਣਨ ਤੋਂ ਬਾਅਦ ਔਰਤ ਦਾ ਕੈਰੀਅਰ ਖਤਮ ਹੋ ਜਾਂਦਾ ਹੈ। ਨਿਊਜੀਲੈਂਡ ਦੀ ਪ੍ਰਧਾਨ ਮੰਤਰੀ Jasinda ਦਾ ਮੰਨਣਾ ਹੈ ਕਿ ਲੋਕਾਂ ਨੂੰ ਇਹ ਦੱਸਣਾ ਸਮੇਂ ਦੀ ਮੁੱਖ ਮੰਗ ਹੈ ਕਿ ਔਰਤਾਂ ਦੇਸ਼ ਅਤੇ ਬੱਚਿਆਂ ਨੂੰ ਸੰਭਾਲਣ ਵਿੱਚ ਪੂਰੀ ਨਿਰਭਰ ਹਨ ਅਤੇ ਉਹ ਦੋਵੇਂ ਥਾਵਾਂ 'ਤੇ ਆਪਣੀ ਜ਼ਿੰਮੇਵਾਰੀ ਬਾ-ਖੂਬੀ ਨਿਭਾਉਂਦੀਆਂ ਹਨ ਅਤੇ ਨਿਭਾ ਵੀ ਰਹੀਆਂ ਹਨ। Jasinda ਨੇ ਮਾਂ ਬਣਨ ਤੋਂ ਬਾਅਦ ਆਪਣੇ ਕਿਸੇ ਵੀ ਕੰਮ ਵਿੱਚ ਕੋਈ ਕਟੌਤੀ ਨਹੀਂ ਕੀਤੀ ਹਾਂ ਉਸਦੇ ਪਤੀ ਦਾ ਮੰਨਣਾ ਹੈ ਕਿ ਉਨਹਾਂ ਦਾ ਕੰਮ ਵੱਧ ਜ਼ਰੂਰ ਗਿਆ ਹੈ। ਉਸ ਦੇ ਪਤੀ ਦਾ ਮੰਨਣਾ ਹੈ ਕਿ ਉਨ੍ਹਾਂ ਨੇ ਆਪਣਾ ਕੰਮ ਆਪਸ ਵਿੱਚ ਵੰਡ ਲਿਆ ਹੈ। ਪੂਰੀ ਦੁਨੀਆਂ ਔਰਤਾਂ ਨੂੰ ਬਰਾਬਰ ਦਾ ਹੱਕ ਦੇਣ ਲਈ ਪੱਬਾਂ ਭਾਰ ਹੋਈ ਪਈ ਹੈ। ਪਰ ਨਿਊਜੀਲੈਂਡ ਦੀ ਪ੍ਰਧਾਨ ਮੰਤਰੀ Jasinda ਆਰਡਨ ਅਤੇ ਉਸ ਦੇ ਪਤੀ ਦੇ ਜੀਵਨ ਤੋਂ ਸਾਰੀ ਦੁਨੀਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇ ਅਸੀਂ ਸੱਚਮੁੱਚ ਹੀ ਔਰਤਾਂ ਨੂੰ ਬਰਾਬਰਤਾ ਦਾ ਹੱਕ ਦੇ ਕੇ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਚਾਹੁੰਦੇ ਹਾਂ ਤਾਂ ਮਰਦਾਂ ਨੂੰ ਔਰਤਾਂ ਵਾਲੇ ਉਹ ਕੰਮ ਵੀ ਕਰਨੇ ਪੈਣਗੇ ਜਿਨਾਂ ਬਾਰੇ ਪੂਰੀ ਦੁਨੀਆਂ ਇਹ ਸੋਚਦੀ ਹੈ ਕਿ ਇਹ ਕੰਮ ਤਾਂ ਸਿਰਫ ਔਰਤ ਦੀ ਕਰ ਸਕਦੀ ਹੈ।

ਸਮਾਜ ਦੇ ਬਹੁਤੇ ਹਿੱਸਿਆਂ ਵਿੱਚ ਇਹ ਸੋਚ ਪ੍ਰਚਲਿਤ ਹੈ ਕਿ ਜੋ ਮਰਦ ਔਰਤ ਦੇ ਨਾਲ ਕੰਮਾਂ ਵਿੱਚ ਹੱਥ ਵਟਾਉਂਦਾ ਹੈ ਇਹ ਔਰਤ ਦਾ ਗੁਲਾਮ ਹੁੰਦਾ ਹੈ। ਇਹ ਸੋਚ ਵੀ ਜਿਆਦਾਤਰ ਪੁਰਾਣੀਆਂ ਔਰਤਾਂ ਦੀ ਹੈ ਅਤੇ ਇਹ ਸੋਚ ਔਤਰ ਨੂੰ ਅੱਗੇ ਵਧਣ ਨਹੀਂ ਦਿੰਦੀ। ਇਸ ਦਾ ਮਤਲਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਜੋ ਕੰਮ ਔਰਤਾਂ ਮਰਦ ਅੱਗੇ ਕਰਦੀਆਂ ਹਨ ਅਤੇ ਔਰਤਾਂ ਦੇ ਹਿੱਸੇ ਦੀ ਹੀ ਮੰਨੇ ਜਾਂਦੇ ਹਨ ਫੇਰ ਤਾਂ ਉਹ ਔਰਤਾਂ ਹੀ ਮਰਦ ਦੀਆਂ ਗੁਲਾਮ ਹਨ। ਅਤੇ ਅਜਿਹੀ ਸੋਚ ਤੋਂ ਖੁਦ ਔਰਤ ਨੂੰ ਬਾਹਰ ਨਿਕਲਣਾ ਪਵੇਗਾ ਜੇਕਰ ਉਹ ਸੱਚਮੁੱਚ ਹੀ ਸਮਾਜ ਵਿੱਚ ਮਰਦਾਂ ਦੇ ਬਰਾਬਰ ਖੜਨਾ ਚਾਹੁੰਦੀ ਹੈ। ਸਲਾਮ ਹੈ ਮੇਰੀ ਨਿਊਜੀਲੈਂਡ ਦੀ ਪ੍ਰਧਾਨ ਮੰਤਰੀ ਅਤੇ ਉਸਦੇ ਲਾਈਫ ਪਾਟਰਨ ਨੂੰ ਜਿਹੜੇ ਪੂਰੀ ਦੁਨੀਆਂ ਲਈ ਇੱਕ ਉਦਾਹਰਨ ਬਣਕੇ ਵਿਚਰ ਰਹੇ ਹਨ ਅਤੇ ਉਨ੍ਹਾਂ ਲੋਕਾਂ ਨੂੰ ਵੀ ਇਸ ਤੋਂ ਸੇਧ ਲੈਣੀ ਚਾਹੀਦੀ ਹੈ ਕਿ ਜਿਹੜੇ ਔਰਤ ਨੂੰ ਘਰ ਤੋਂ ਬਾਹਰ ਜਾ ਕੇ ਕੰਮ ਕਾਰ ਕਰਨ ਦੀ ਖੁੱਲ ਤਾਂ ਦਿੰਦੇ ਨੇ ਪਰ ਨਾਲ ਇਹ ਵੀ ਚਾਹੁੰਦੇ ਨੇ ਕਿ ਘਰ ਦੇ ਸਾਰੇ ਕੰਮ ਜੋ ਔਰਤ ਚਿਰਾਂ ਤੋਂ ਕਰਦੀ ਆ ਰਹੀ ਹੈ ਵੀ ਕਰੇ।

**ਗੁਰਪ੍ਰੀਤ ਸਿੰਘ ਤੰਗੌਰੀ**
**ਸੰਪਰਕ-98720105603**



## ਨਿਊਜੀਲੈਂਡ 'ਚ 5 ਮਾਰਚ ਤੋਂ ਗੁੰਮ ਹੈ 26 ਸਾਲਾ ਪੰਜਾਬੀ ਨੌਜਵਾਨ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ 'ਚ Masterton ਪੁਲਿਸ ਨੂੰ ਗੁਰਵਿੰਦਰ ਸਿੰਘ ਨਾਮੀ 26 ਸਾਲਾ ਨੌਜਵਾਨ ਦੀ ਭਾਲ ਹੈ ਜੋ ਕਿ 5 ਮਾਰਚ ਤੋਂ ਲਾਪਤਾ ਦੱਸਿਆ ਜਾ ਰਿਹਾ ਹੈ। ਜਿਕਰਯੋਗ ਹੈ ਕਿ ਗੁਰਵਿੰਦਰ ਨੂੰ ਅਖੀਰਲੀ ਵਾਰ ਕੈਪ ਪੈਲੀਜ਼ਰ ਲਾਈਟ ਹਾਊਸ ਤੋਂ ਪੂਰਬ ਵਿੱਚ ਡੇਢ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇੱਕ ਸਮੁੰਦਰੀ ਕੰਢੇ 'ਤੇ ਦੇਖਿਆ ਗਿਆ ਸੀ। ਗੁਰਵਿੰਦਰ ਸਿੰਘ ਦੀ ਗੱਡੀ ਅਤੇ ਉਸ ਨਾਲ ਸਬੰਧਿਤ ਹੋਰ ਸਾਮਾਨ ਕੈਪ ਪੈਲੀਜਰ ਇਲਾਕੇ ਤੋਂ ਮਿਲਿਆ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੂੰ ਇਸ ਸ਼ਖਸ਼ ਬਾਰੇ ਜਾਣਕਾਰੀ ਹੋਵੇ ਤਾਂ ਉਹ Masterton ਪੁਲਿਸ ਨੂੰ ਤੁਰੰਤ 06 370 0300 'ਤੇ ਸੰਪਰਕ ਕਰੇ।

## ਖੂਬਸੂਰਤ ਇਮਾਰਤਾਂ ਦੇ ਮੁਕਾਬਲੇ 'ਚ ਆਕਲੈਂਡ ਨੇ ਆਸਟਰੇਲੀਆ ਤੇ ਅਮਰੀਕਾ ਦੇ ਸ਼ਹਿਰਾਂ ਨੂੰ ਪਛਾੜਿਆ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਵਧੀਆ ਇਮਾਰਤਾਂ ਕਰਕੇ ਨਾਈਕ ਫ੍ਰੈਂਕ ਦੀ ਸਲਾਨਾ ਰਿਪੋਰਟ 'ਚ 50 ਸ਼ਹਿਰਾਂ ਵਿਚੋਂ ਆਕਲੈਂਡ 24ਵੇਂ ਨੰਬਰ 'ਤੇ ਆਇਆ ਹੈ।ਆਕਲੈਂਡ ਨਿਊਯਾਰਕ ਅਤੇ ਸਿਡਨੀ ਵਰਗੇ ਸ਼ਹਿਰਾਂ ਤੋਂ ਉੱਪਰ ਹੈ। ਸਿਡਨੀ ਇਸ ਸੂਚੀ ਵਿੱਚ 30ਵੇਂ ਨੰਬਰ 'ਤੇ ਹੈ ? ਇੰਟਰਨੈਸ਼ਨਲ ਰੈਜ਼ੀਡੈਂਟਲ ਇੰਡੈਕਸ ਇੰਪਰੂਵਮੈਂਟ ਅਨੁਸਾਰ ਆਕਲੈਂਡ ਵਿੱਚ ਪਿਛਲੇ ਸਾਲ ਦੇ ਮੁਕਾਬਲੇ 4.1% ਆਲੀਸ਼ਾਨ ਇਮਾਰਤਾਂ ਵਿੱਚ ਵਾਧਾ ਹੋਇਆ ਹੈ ?ਆਸਟਰੇਲੀਆ ਦੇ ਸ਼ਹਿਰ ਬ੍ਰਿਸਬੇਨ ਨੂੰ 31, ਮੈਲਬੋਰਨ 41 ਅਤੇ ਗੋਲਡ ਕੋਸਟ ਅਤੇ ਪਰਥ 42ਵੇਂ ਨੰਬਰ ਤੇ ਸਬਰ ਕਰਨਾ ਪਇਆ ਹੈ ?

**MATRIMONIAL**

35 year old 5'-9" Jatt Singh Gill
Boy PR NZ Looking for Beautiful
Educated Girl whole Family
Sealed in NZPhone : 0221952162
092670825

## ਨਿਊਜ਼ੀਲੈਂਡ ਵਿਚ ਔਰਤ ਪਾਇਲਟਾਂ ਦੀ ਘਾਟ ਕਿਉਂ ਹੈ ?



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ ਨਿਊਜੀਲੈਂਡ ਦੀ ਇੱਕ ਨਿਊਜ ਵੈਬਸਾਈਟ ਨੇ ਸਰਕਾਰ ਤੋਂ ਸਵਾਲ ਪੁੱਛਿਆ ਹੈ ਕਿ ਨਿਊਜੀਲੈਂਡ ਵਿੱਚ ਔਰਤ ਪਾਇਲਟਾਂ ਦੀ ਘਾਟ ਕਿਉਂ ਹੈ ਇਸ ਸਾਲ ਕੋਈ ਵੀ ਔਰਤ ਏਅਰ ਨਿਊਜ਼ੀਲੈਂਡ ਵਿਖੇ ਏਅਰ ਫਲੀਟ ਕੈਪਟਨ ਦੇ ਕੋਰਸ ਤੋਂ ਗ੍ਰੈਜੂਏਟ ਨਹੀਂ ਹੋਈ। ਇੱਕ ਰਿਪੋਰਟਰ Tamati Rimene-Sproat ਨੇ ਇੱਕ ਏਅਰ ਨਿਊਜ਼ੀਲੈਂਡ ਮਹਿਲਾ ਟਰੇਨੀ ਨਾਲ ਮੁਲਾਕਾਤ ਕੀਤੀ ਉਸ ਨੇ ਇਹ ਗੱਲ ਸਵੀਕਾਰ ਕੀਤੀ ਕਿ ਬਹੁਤੀ ਮਹਿਲਾਵਾਂ ਨੂੰ ਇਹੀ ਦੱਸਿਆ ਜਾਂਦਾ ਹੈ ਕਿ ਉਹ ਇਹ ਨੌਕਰੀ ਨਹੀਂ ਕਰ ਸਕਦੀਆਂ ਕਿਉਂਕਿ ਉਹ ਕੁੜੀਆਂ ਹਨ।

